unitedsikhs-asia@unitedsikhs.org
Tel: 0091 (0) 95 606 45010
unitedsikhs-uk@unitedsikhs.org
Tel: (0044) (0) 870 1993328
unitedsikhs-france@unitedsikhs.org
Tel: 00 336 16 17 62 05
unitedsikhs-usa@unitedsikhs.org
Tel: 1-888-243-1690
unitedsikhs-canada@unitedsikhs.org
Tel: 1-905-672-2245
unitedsikhs-my@unitedsikhs.org
Tel: +6 012-2155966
unitedsikhs-kenya@unitedsikhs.org
Tel: +254 720 402727
unitedsikhs-aus@unitedsikhs.org
Tel: +61 3 9005 1894
unitedsikhs- ireland@unitedsikhs.org
Tel: +353 (0) 85 729 4425
unitedsikhs- belgium@unitedsikhs.org
Tel: (0032) 485 825 492

www.unitedsikhs.org
contact@unitedsikhs.org

UNITED SIKHS

*Recognise the Human Race as One*

*To transform underprivileged and minority communities and individuals into informed and vibrant members of society through civic, educational and personal development programmes.*

# ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਨੇ ਯੂਨਾਈਟਡ ਸਿੱਖਸ ਤੋਂ ਮਦਦ ਪ੍ਰਾਪਤ ਕੀਤੀ

*"ਕਿਸਾਨ ਸਖਤ ਮੇਹਨਤ ਕਰਕੇ ਸਾਨੂੰ ਖੁਆਉਂਦਾ ਹੈ। ਜਦੋਂ ਸਾਨੂੰ ਖੁਆਉਣ ਵਾਲਾ ਹੱਥ ਸਾਡੇ ਕੋਲ ਮਦਦ ਲਈ ਆਉਂਦਾ ਹੈ ਤਾਂ ਅਸੀਂ ਇਸਦੇ ਬੱਚਿਆਂ ਨੂੰ ਖੁਆਉਣ ਲਈ ਹਰ ਮਹੀਨੇ ਘੱਟੋ ਘੱਟ £20/$30 ਤਾਂ ਦਾਨ ਕਰ ਹੀ ਸਕਦੇ ਹਾਂ" ਯੂਨਾਈਟਡ ਸਿੱਖਸ ਦੀ ਨਿਰਦੇਸ਼ਕ ਮੇਜਿੰਦਰਪਾਲ ਕੌਰ ਜੋ ਪੰਜਾਬ ਵਿਚ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀ ਪੈਨਸ਼ਨ ਸਕੀਮ ਦੀ ਸੰਯੋਜਕ ਹੈ, ਦੁਆਰਾ ਕੀਤੀ ਗਈ ਅਪੀਲ ।*

ਤੁਸੀਂ ਹੇਠ ਲਿਖੇ ਰਸਤਿਆਂ ਰਾਹੀਂ **'Rescue A Family'** *(ਪਰਿਵਾਰ ਨੂੰ ਬਚਾਉ)* ਲਈ ਮਹੀਨੇ ਦਰ ਮਹੀਨੇ ਜਾਂ ਹਰ ਸਾਲ ਦਾਨ ਕਰ ਸਕਦੇ ਹੋ:

- ਆਨਲਾਈਨ www.unitedsikhs.org/donate ਤੇ Paypal ਰਾਹੀ ਜਾਂ
- ਬੈਂਕ ਭੁਗਤਾਨ, ਡਾਇਰੈਕਟ ਡੇਬਿਟ ਜਾਂ **UNITED SIKHS** ਲਈ ਭੁਗਤਾਨਯੋਗ ਚੈਕ ਨੂੰ ਆਪਣੇ ਨਜ਼ਦੀਕੀ ਯੂਨਾਈਟਡ ਸਿੱਖਸ ਦੇ ਦਫ਼ਤਰ ਨੂੰ ਸੰਪਰਕ ਕਰਕੇ ਭੇਜੋ। ਸਾਡੇ ਦਫ਼ਤਰਾਂ ਦੇ ਵੇਰਵਿਆਂ ਦੇ ਲਈ www.unitedsikhs.org/contact.php ਦੇਖੋ।

***ਤੁਸੀਂ Rescue A Family ਪੈਨਸ਼ਨ ਸਕੀਮ ਦੇ ਵਾਰੇ ਵੀਡਿਓ ਇੱਥੇ ਦੇਖ ਸਕਦੇ ਹੋ।***



ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਨਾਲ ਗੱਲ ਕਰਦੇ ਯੂਨਾਈਟਡ ਸਿੱਖਸ ਦੇ ਮੈਂਬਰ



ਯੂਨਾਈਟਡ ਸਿੱਖਸ ਤੋਂ ਆਪਣੀ RAF ਪੈਨਸ਼ਨ ਲੈ ਰਹੀ ਇਕ ਵਿਧਵਾ



ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਯੂਨਾਈਟਡ ਸਿੱਖਸ ਤੋਂ ਮਿਲਣ ਵਾਲੀਆਂ RAF ਪੈਨਸ਼ਨਾਂ ਲੈਣ ਸਮੇਂ ਇੰਤਜ਼ਾਰ ਕਰਦੀਆਂ

ਸੰਗਰੂਰ, ਪੰਜਾਬ, 21 ਫਰਵਰੀ 2011 – ਇਸ ਹਫਤੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ 50 ਵਿਧਵਾਵਾਂ ਯੂਨਾਈਟਡ ਸਿੱਖਸ ਤੋਂ Rescue A Family (RAF) ਜੋ ਪਿਛਲੇ ਸਾਲ ਅਕਤੂਬਰ ਦੇ ਵਿਚ ਸ਼ੁਰੂ ਕੀਤੀ ਗਈ ਸੀ, ਦੇ ਅਧੀਨ ਸ਼ੁਰੂ ਕੀਤੀਆਂ ਗਈਆਂ ਮਹੀਨੇਵਾਰ ਪੈਨਸ਼ਨਾਂ ਕਰਨਗੀਆਂ ਅਤੇ ਹਜ਼ਾਰਾਂ ਹੋਰ ਤੁਹਾਡੀ ਸਹਾਇਤਾ ਦੇ ਇੰਤਜ਼ਾਰ ਕਰਨਗੀਆਂ।

ਪਰਿਵਾਰ ਦਾ ਰੋਜ਼ੀ ਕਮਾਉਣ ਵਾਲਾ ਕਰਜ਼ੇ ਦੇ ਵੱਧਦੇ ਸਮੁੰਦਰ ਵਿਚ ਤੈਰਦਾ ਡੁੱਬ ਗਿਆ: ਹਰ ਸਾਲ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਵਾਂਗ ਉਸਨੇ ਵੀ ਖੁਦਕੁਸ਼ੀ ਕਰ ਲਈ। ਉਸਨੇ ਆਪਣੇ ਪਿੱਛੇ ਆਪਣੇ ਪਰਿਵਾਰ ਲਈ ਵਧੇ ਹੋਏ ਕਰਜ਼ੇ ਤੋਂ ਇਲਾਵਾ ਕੁਝ ਨਹੀ ਛੱਡਿਆ।

ਸਾਡੇ ਸਥਾਨਕ ਭਾਗੀਦਾਰ ਬਾਬਾ ਨਾਨਕ ਐਜੂਕੈਸ਼ਨ ਸੁਸਾਇਟੀ (BNES) ਦੁਆਰਾ ਸਾਨੂੰ ਇਹ ਸੂਚਨਾ ਦੇਣ ਦੇ ਬਾਅਦ, ਕਿ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੀਆਂ ਵਿਧਵਾਵਾਂ ਗਰੀਬੀ ਕਰਕੇ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਹਟਾ ਰਹੀਆਂ ਹਨ ਤਾਂ ਜੋ ਇਹ ਬੱਚੇ ਪਰਿਵਾਰ ਦੀ ਰੋਜ਼ੀ ਰੋਟੀ ਕਮਾਉਣ ਵਿਚ ਮਦਦ ਕਰ ਸਕਣ, ਯੂਨਾਈਟਡ ਸਿੱਖਸ ਨੇ ਇਹ ਪੈਨਸ਼ਨ ਸਕੀਮ ਅਕਤੂਬਰ 2010 ਵਿਚ ਇਹ ਪੈਨਸ਼ਨ ਸਕੀਮ ਯੂਨਾਈਟਡ ਸਿੱਖਸ ਏਡ ਪ੍ਰਾਜੈਕਟ ਦੇ ਨਾਂ ਹੇਠ ਸ਼ੁਰੂ ਕੀਤੀ ਸੀ।

"ਪੰਜਾਬੀ ਸਰਕਾਰ ਨੇ ਇਸ ਸਮੱਸਿਆ ਨੂੰ ਹੁਣ ਪਹਿਚਾਨਣਾ ਸ਼ੁਰੂ ਕੀਤਾ  ਜਿਸਨੂੰ ਪਹਿਲਾਂ ਗੈਰ-ਹਾਜ਼ਰ ਦੱਸ ਕੇ ਅਣਦੇਖਿਆ ਕੀਤਾ ਗਿਆ ਸੀ, ਪਰ ਸਰਕਾਰ ਵਲੋਂ ਅਜਿਹੀਆਂ ਸਾਰੀਆਂ ਵਿਧਵਾਵਾਂ ਨੂੰ ਪੈਨਸ਼ਨ ਨਹੀਂ ਦਿੱਤੀ ਜਾ ਰਹੀ ਹੈ, ਅਤੇ ਜਿਨ੍ਹਾਂ ਨੂੰ ਮਿਲਦੀ ਹੈ ਉਹਨਾਂ ਨੂੰ ਮਹੀਨੇ ਦੇ ਸਿਰਫ 250 ਰੁਪਏ ਮਿਲ ਰਹੇ ਹਨ," ਇਹ ਗੱਲ ਯੂਨਾਈਟਡ ਸਿੱਖਸ ਦੀ ਨਿਰਦੇਸ਼ਕ ਅਤੇ ਪੈਨਸ਼ਨ ਸਕੀਮ ਦੀ ਸੰਯੋਜਕ ਮੇਜਿੰਦਰਪਾਲ ਕੌਰ ਨੇ ਕਹੀ।

"ਹਜ਼ਾਰਾਂ ਪਰਿਵਾਰ ਇਹਨਾਂ ਗੰਭੀਰ ਹਾਲਤਾਂ ਵਿੱਚੋਂ ਗੁਜ਼ਰ ਰਹੇ ਹਨ। ਪੰਜਾਬ ਐਗਰੀਕਲਚਰ ਯੂਨੀਵਰਸਟੀ ਦਾ ਅਧਿਐਨ ਇਹ ਦੱਸਦਾ ਹੈ ਕੇ ਸੰਨ 2000 ਅਤੇ 2008 ਦੇ ਵਿਚਕਾਰ ਬਠਿੰਡਾ ਅਤੇ ਸੰਗਰੂਰ ਵਿਚ 2890 ਖੁਦਕੁਸ਼ੀਆਂ ਹੋਈਆਂ ਹਨ। ਪੰਜਾਬ ਦੇ ਬਾਕੀ ਦੇ 18 ਇਲਾਕਿਆਂ ਵਿੱਚ ਕਿਸਾਨ ਖੁਦਕੁਸ਼ੀਆਂ ਦੇ ਮਸਲੇ ਵਾਰੇ ਹੋਰ ਜਾਣਕਾਰੀ ਦੇਣ ਲਈ ਅਧਿਐਨ ਜਾਰੀ ਹੈ ਜੋ ਕਿਸਾਨਾਂ ਦੀ ਖੁਦਕੁਸ਼ੀ ਦੀ ਸਮੱਸਿਆ ਦੀ ਵੱਡੀ ਤਸਵੀਰ ਪੇਸ਼ ਕਰੇਗਾ," ਮੇਜਿੰਦਰਪਾਲ ਕੌਰ ਨੇ ਕਿਹਾ।

ਕਿਸਾਨ-ਖੁਦਕੁਸ਼ੀ ਦੇ ਪਹਿਲੇ ਸ਼ਿਕਾਰ ਉਹਨਾਂ ਦੇ ਪਿੱਛੇ ਰਹਿ ਗਏ ਬੱਚੇ ਹੁੰਦੇ ਹਨ। ਇਹ ਬੱਚੇ ਸਕੂਲ ਛੱਡ ਕੇ ਪਰਿਵਾਰ ਨੂੰ ਖੁਆਉਣ ਲਈ ਖੇਤੀ ਬਾੜੀ ਦੇ ਕੰਮ ਵਿਚ ਲੱਗ ਜਾਂਦੇ ਹਨ। ਇਸ ਨਾਲ ਗਰੀਬੀ ਦਾ ਇਹ ਚੱਕਰ ਚਲਦਾ ਰਹਿੰਦਾ ਹੈ ਅਤੇ ਹਰ ਸਾਲ ਪੰਜਾਬ, ਜੋ ਭਾਰਤ ਦਾ ਅੰਨਦਾਤਾ ਹੈ, ਵਿਚ ਖੁਦਕੁਸ਼ੀਆਂ ਦੀ ਫਸਲ ਤਿਆਰ ਹੁੰਦੀ ਹੈ। **ਤੁਸੀਂ Rescue A family (RAF) ਪੈਨਸ਼ਨ ਸਕੀਮ ਦੇ ਵਾਰੇ ਵੀਡਿਓ ਇੱਥੇ ਦੇਖ ਸਕਦੇ ਹੋ।**

"ਸਾਡੀ **(RAF)** ਪੈਨਸ਼ਨ ਸਕੀਮ ਅਧੀਨ, ਖੁਦਕੁਸ਼ੀ ਕਰਨ ਵਾਲੇ ਕਿਸਾਨ ਦੇ ਪਰਿਵਾਰ ਨੂੰ ਮਹੀਨੇ ਦੇ 1000 – 1500 ਰੁਪਏ (£20/$32) ਦਿੱਤੇ ਜਾਂਦੇ ਹਨ, ਜਦੋਂ ਤੱਕ ਉਹਨਾਂ ਦੇ ਬੱਚੇ ਸਕੂਲ ਜਾਂਦੇ ਹਨ। ਇਹ ਪੈਨਸ਼ਨਾਂ ਪਰਿਵਾਰ ਲਈ ਖੋਲੇ ਗਏ ਬੈਂਕ ਅਕਾਊਂਟ ਵਿਚ ਜਮ੍ਹਾਂ ਕੀਤੀਆਂ ਜਾਂਦੀਆਂ ਹਨ। ਅਸੀਂ ਇਨ੍ਹਾਂ ਹਾਲਤਾਂ ਵਿਚ ਗੁਜ਼ਰ ਰਹੇ 300 ਪਰਿਵਾਰ ਹੋਰ ਦੀ ਪਛਾਣ ਕੀਤੀ ਹਨ ਜਿਨ੍ਹਾਂ ਨੂੰ ਇਹ ਪੈਨਸ਼ਨ ਦੀ ਤੁਰੰਤ ਜ਼ਰੂਰਤ ਹੈ," ਮੇਜਿੰਦਰਪਾਲ ਕੌਰ ਨੇ ਕਿਹਾ।

RAF ਪੈਨਸ਼ਨ ਪ੍ਰਾਪਤ ਕਰ ਰਹੇ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਦੀ ਸੂਚੀ ਤੁਸੀਂ ਇਥੇ ਦੇਖ ਸਕਦੇ ਹੋ। ਇਹ ਪੈਨਸ਼ਨਾਂ ਯੂ.ਕੇ, ਥਾਈਲੈਂਡ, ਸਿੰਘਾਂਪੁਰ, ਕਨੇਡਾ, ਅਮਰੀਕਾ ਅਤੇ ਸਵਿਟਜ਼ਰਲੈਂਡ ਦੇ ਦਾਨੀਆਂ ਦੇ ਸਹਿਯੋਗ ਨਾਲ ਚਲ ਰਹੀਆਂ ਹਨ। ਤੁਸੀਂ Rescue A Family ਪ੍ਰੋਜੇਕਟ ਅਤੇ ਕਿਸਾਨਾਂ ਦੀ ਖੁਦਕੁਸ਼ੀ ਦੀ ਸਮੱਸਿਆ ਦੇ ਮਸਲੇ ਬਾਰੇ ਇਥੇ http://unitedsikhs.org/makepovertyhistory/ ਪੜ੍ਹ ਸਕਦੇ ਹੋ।

ਤੁਸੀਂ ਹੇਠ ਲਿਖੇ ਰਸਤਿਆਂ ਰਾਹੀਂ '**Rescue A Family**' *(ਪਰਿਵਾਰ ਨੂੰ ਬਚਾਉ)* ਲਈ ਮਹੀਨੇ ਦਰ ਮਹੀਨੇ ਜਾਂ ਹਰ ਸਾਲ ਦਾਨ ਕਰ ਸਕਦੇ ਹੋ:

- ਆਨਲਾਈਨ www.unitedsikhs.org/donate ਤੇ Paypal ਰਾਹੀ ਜਾਂ
- ਬੈਂਕ ਭੁਗਤਾਨ, ਡਾਇਰੈਕਟ ਡੇਬਿਟ ਜਾਂ **UNITED SIKHS** ਲਈ ਭੁਗਤਾਨਯੋਗ ਚੈਕ ਨੂੰ ਆਪਣੇ ਨਜ਼ਦੀਕੀ ਯੂਨਾਈਟਡ ਸਿੱਖਸ ਦੇ ਦਫ਼ਤਰ ਨੂੰ ਸੰਪਰਕ ਕਰਕੇ ਭੇਜੋ। ਸਾਡੇ ਦਫ਼ਤਰਾਂ ਦੇ ਵੇਰਵਿਆਂ ਦੇ ਲਈ www.unitedsikhs.org/contact.php ਦੇਖੋ।

ਅਸੀਂ ਇਹਨਾਂ ਪਰਿਵਾਰਾਂ ਵਿਚ ਚੱਲਦੇ ਗਰੀਬੀ ਦੇ ਚੱਕਰ ਨੂੰ ਖਤਮ **ਕਰ ਸਕਦੇ** ਹਾਂ, ਪਰ ਅਸੀਂ ਇਹ ਸਿਰਫ ਤੁਹਾਡੀ ਮਦਦ ਨਾਲ ਕਰ ਸਕਦੇ ਹਾਂ।

ਤੁਸੀਂ ਯੂਨਾਈਟਡ ਸਿੱਖਸ ਵਲੋਂ ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਪਰਿਵਾਰਾਂ ਨੂੰ ਦਿੱਤੀ ਗਈ ਮਦਦ ਬਾਰੇ ਪ੍ਰੈਸ ਰੀਲੀਜ਼ http://www.unitedsikhs.org/PressReleases/PRSRLS-20-08-2010-00.html ਤੇ ਪੜ੍ਹ ਸਕਦੇ ਹੋ।


**ਜਾਰੀਕਰਤਾ:**
ਕਰਨਜੀਤ ਕੌਰ
ਖਬਰਾਂ ਅਤੇ ਸੰਚਾਰ
**ਯੂਨਾਈਟਡ ਸਿੱਖਸ**
rescueafamily@unitedsikhs.org

0044 8701993328 (UK)/ 1-888-243-1690 (USA)/ 1-905-672-2245 (Canada)



Pro bono translation services provided by Rosetta Translation

ਮੁਫਤ ਤਰਜਮਾ ROSETTA TRANSLATION ਵੱਲੋਂ